**Signature and Name of Invigilator**

1. (Signature) ____________________

   (Name) ____________________

2. (Signature) ____________________

   (Name) ____________________

**OMR Sheet No. :** ..........................................................

(To be filled by the Candidate)

**Roll No.** | | | | | | | | |

(In figures as per admission card)

**Roll No.** ____________________

(In words)

**D 2 4 1 5**

# PAPER - II
# PUNJABI

**Time : 1¼ hours]** **[Maximum Marks : 100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.

   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।

   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिन्हांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही इस्तेमाल करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

**PUNJABI**

**ਪੰਜਾਬੀ**

**PAPER - II**

**ਪ੍ਰਸ਼ਨ-ਪੱਤਰ - II**

**Note :** This paper contains **fifty (50)** objective type questions, each question carrying **two (2)** marks. Attempt **All** the questions.

**ਨੋਟ :** ਇਸ ਪ੍ਰਸ਼ਨ-ਪੱਤਰ ਵਿਚ ਪੰਜਾਹ **(50)** ਬਹੁ-ਵਿਲਕਲਪੀ ਪ੍ਰਸਨ ਹਨ। ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ। ਸੱਭ ਪ੍ਰਸ਼ਨਾਂ ਦੇ ਉੱਤਰ ਲਿਖੋ।

**1.** ਭਾਸ਼ਾ ਦੀ ਪ੍ਰਕਿਰਤੀ ਨਾਲ ਸੰਬੰਧਤ ਕਿਹੜਾ ਕਥਨ ਵਧੇਰੇ ਸਹੀ ਹੈ :

(1) ਮਨੁੱਖੀ ਭਾਸ਼ਾ ਗ੍ਰਹਿਨਾਤਮਕ ਹੀ ਹੁੰਦੀ ਹੈ
(2) ਮਨੁੱਖੀ ਭਾਸ਼ਾ ਕੇਵਲ ਸਿਖੀ ਜਾ ਸਕਦੀ ਹੈ
(3) ਭਾਸ਼ਾ ਮਨੁੱਖ ਦੀ ਜਨਮ ਜਾਤ ਵਿਸ਼ੇਸ਼ਤਾ ਹੈ
(4) ਭਾਸ਼ਾ ਸਮਾਜ ਵਿਚੋਂ ਹੀ ਗ੍ਰਹਿਣ ਹੁੰਦੀ ਹੈ

**2.** ਭਾਸ਼ਾ-ਸ਼ਾਸਤਰ ਦੇ ਅਧਿਐਨ ਖੇਤਰ ਦਾ ਅੰਗ ਹੈ :

(1) ਧੁਨੀ ਪਰਿਵਰਤਨ
(2) ਅਰਥ ਪਰਿਵਰਤਨ
(3) ਰੂਪ-ਰਚਨਾ ਪਰਿਵਰਤਨ
(4) ਵਾਕ ਵਟਾਂਦਰਾ

**3.** **(A) ਕਥਨ :** ਉਨ੍ਹੀਵੀਂ ਸਦੀ ਦੇ ਭਾਸ਼ਾ-ਵਿਗਿਆਨੀ, ਸਮਕਾਲੀ ਭਾਸ਼ਾਈ ਰੂਪਾਂ ਦੀ ਥਾਂ ਭਾਸ਼ਾ ਦੇ ਇਤਿਹਾਸਕ ਤੇ ਵੱਖ-ਵੱਖ ਖੇਤਰਾਂ ਦੀਆਂ ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਨੂੰ ਮਹੱਤਤਾ ਦਿੰਦੇ ਹਨ।

**(R) ਕਾਰਨ :** ਕਿਉਂਕਿ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਇਕ ਕੇਂਦਰੀ ਮੁੱਦਾ ਹੈ ਪਰ ਸੋਸਿਊਰ ਨੇ ਇਸ ਮਤ ਦੇ ਵਿਰੋਧ ਵਿਚ ਸਮਕਾਲੀ ਭਾਸ਼ਾਈ ਰੂਪਾਂ ਦੇ ਵਰਣਨਾਤਮਕ ਪੱਖ ਨੂੰ ਮਹੱਤਵ ਦਿੱਤਾ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਸਹੀ ਹੈ **(R)** ਗ਼ਲਤ ਹੈ
(2) **(R)** ਸਹੀ ਹੈ **(A)** ਗ਼ਲਤ ਹੈ
(3) **(A)** ਤੇ **(R)** ਦੋਵੇਂ ਸਹੀ ਹਨ
(4) **(A)** ਤੇ **(R)** ਦੋਵੇਂ ਗ਼ਲਤ ਹਨ

**4.** **(A) ਕਥਨ :** ਜਦੋਂ ਕਰਤਾ ਸੰਬੰਧੀ ਕੋਈ ਵੇਰਵਾ ਨਾ ਦੇਣਾ ਹੋਵੇ ਤਾਂ ਭਾਸ਼ਾ ਵਿਚ ਕਰਤਰੀ-ਵਾਚੀ ਵਾਕਾਂ ਦੀ ਥਾਂ ਕਰਮਣੀ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

**(R) ਕਾਰਨ:** ਕਿਉਂਕਿ ਕਰਤਰੀ ਵਾਚ ਦਾ ਸੰਬੰਧ ਕਰਤਾ ਦੀ ਥਾਂ ਕਰਮ ਨਾਲ ਹੁੰਦਾ ਹੈ ਇਸ ਲਈ ਪੰਜਾਬੀ ਭਾਸ਼ਾ ਦਾ ਵਾਚ-ਪ੍ਰਬੰਧ ਅੰਗ੍ਰੇਜ਼ੀ ਨਾਲ ਮਿਲਦਾ ਜੁਲਦਾ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ
(2) **(A)** ਗ਼ਲਤ ਹੈ **(R)** ਸਹੀ ਹੈ
(3) **(A)** ਤੇ **(R)** ਦੋਵੇਂ ਆਂਸ਼ਿਕ ਸਹੀ ਹਨ
(4) **(A)** ਤੇ **(R)** ਦੋਵੇਂ ਗ਼ਲਤ ਹਨ

5. ਅਕਰਮਕ ਕਿਰਿਆ ਦਾ ਸੰਬੰਧ ਹੈ :
(1) ਸ਼ਬਦਾਂ ਦੀ ਵਿਉਤਪੱਤੀ ਨਾਲ
(2) ਸ਼ਬਦਾਂ ਦੇ ਵਿਆਕਰਨਿਕ ਰੂਪਾਂਤਰ ਨਾਲ
(3) ਸ਼ਬਦਾਂ ਦੇ ਵਿਆਕਰਨਿਕ ਅਧਿਕਾਰ ਨਾਲ
(4) ਸ਼ਬਦਾਂ ਦੇ ਵਿਚਰਨ ਨਾਲ

6. ਸ਼ੈਲੀ-ਵਿਗਿਆਨ ਦੇ ਸੰਕਲਪ 'ਵਿਚਲਨ' ਦਾ ਸੰਬੰਧ ਕਿਸ ਨਾਲ ਹੈ :
(1) ਅਗਰਭੂਮਨ
(2) ਸਮਾਨੰਤਰਤਾ
(3) ਰੂਪ ਗਠਨ
(4) ਸਾਰਿਆਂ ਨਾਲ

7. ਧੁਨੀ-ਵਿਗਿਆਨ ਦੀ ਸਾਖਾ ਹੈ :
(1) ਉਚਾਰਨੀ ਧੁਨੀ-ਵਿਗਿਆਨ
(2) ਸੰਚਾਰਨੀ ਧੁਨੀ-ਵਿਗਿਆਨ
(3) ਸ਼੍ਰਵਣੀ ਧੁਨੀ-ਵਿਗਿਆਨ
(4) ਉਪਰੋਕਤ ਸਾਰੀਆਂ

8. ਸੋਸਿਊਰ ਦੇ ਭਾਸ਼ਾ ਸੰਕਲਪ ਹਨ :
(1) ਇਤਿਹਾਸਕਤਾ ਤੇ ਨਿਭਾਅ
(2) ਇਤਿਹਾਸਕਤਾ ਤੇ ਕਾਲਕ੍ਰਮਿਕਤਾ
(3) ਲਾਂਗ ਤੇ ਭਾਸ਼ਾਈ ਯੋਗਤਾ
(4) ਲੜੀਦਾਰ ਤੇ ਰੂਪਾਂਤਰੀ ਨੇਮ

9. ਸਲੈਵਿਕ ਭਾਸ਼ਾ ਪਰਿਵਾਰ ਦੀ ਭਾਸ਼ਾ ਨਹੀਂ ਹੈ :
(1) ਰੂਸੀ
(2) ਚੈਕ
(3) ਪੋਲਿਸ਼
(4) ਇਤਾਲਵੀ

10. ਭਾਸ਼ਾ-ਪ੍ਰਬੰਧ ਨਾਲ ਸੰਬੰਧਿਤ ਕਿਹੜਾ ਕਥਨ ਪੂਰਾ ਸਹੀ ਹੈ ?
(1) ਮਨੁੱਖੀ ਭਾਸ਼ਾ, ਸਰੋਤਾ-ਬੁਲਾਰਾ ਉੱਤੇ ਆਧਾਰਿਤ ਹੈ
(2) ਗ਼ੈਰ-ਮਨੁੱਖੀ ਭਾਸ਼ਾ ਸਰੋਤਾ-ਬੁਲਾਰਾ ਉੱਤੇ ਆਧਾਰਿਤ ਨਹੀਂ
(3) ਗ਼ੈਰ-ਮਨੁੱਖੀ ਭਾਸ਼ਾ ਨੂੰ ਪਸ਼ੂ ਆਪਣੇ ਝੁੰਡ ਵਿਚੋਂ ਸਿਖਦਾ ਹੈ
(4) ਪਸ਼ੂਆਂ ਵਿਚ ਗ਼ੈਰ-ਮਨੁੱਖੀ ਭਾਸ਼ਾ ਨੂੰ ਸਿਖਣ ਦੀ ਸਮਰੱਥਾ ਨਹੀਂ ਹੁੰਦੀ।

11. ਲਘੂ ਸਵਰ ਧੁਨੀਆਂ ਦੇ ਉਚਾਰਨ ਦਾ ਸੰਬੰਧ ਹੈ:
(1) ਰੋਕ ਤੇ ਲਟਕਾਅ ਨਾਲ
(2) ਸਥਾਨ ਤੇ ਵਿਧੀ ਨਾਲ
(3) ਲਟਕਾਅ ਤੇ ਸਥਾਨ ਨਾਲ
(4) ਗਤੀ ਤੇ ਰੋਕ ਨਾਲ

12. ਜਾਰਗਨ (jargon) ਭਾਸ਼ਾ-ਪ੍ਰਬੰਧ ਦਾ ਸੰਬੰਧ ਹੈ :
(1) ਉਪ-ਭਾਸ਼ਾ ਦੀ ਵੰਨਗੀ ਨਾਲ
(2) ਸਮਾਜ ਭਾਸ਼ਾ ਵੰਨਗੀ ਨਾਲ
(3) ਵਿਅਕਤੀ ਭਾਸ਼ਾ ਵੰਨਗੀ ਨਾਲ
(4) ਵਿਸ਼ੇਸ਼ ਕਿੱਤੇ ਦੀ ਭਾਸ਼ਾ ਵੰਨਗੀ ਨਾਲ

13. ਵਾਕ-ਸੁਰ ਸੰਬੰਧੀ ਡਾ. ਐੱਸ. ਐੱਸ. ਜੋਸ਼ੀ ਦੀ ਖੋਜ ਅਨੁਸਾਰ ਸਹੀ ਜੁੱਟ ਹੈ :

| | **ਸੂਚੀ–I** | | **ਸੂਚੀ–II** |
|---|---|---|---|
| (a) | ਪੂਰਨ ਵਾਕ-ਸੁਰ (2) | (i) | ਗਿਣਤੀ ਸੂਚਕ ਸ਼ਬਦਾਂ ਲਈ |
| (b) | ਪੂਰਨ ਵਾਕ-ਸੁਰ (3) | (ii) | ਵਕਤਾ ਦੀ ਝਿਜਕ ਲਈ |
| (c) | ਅਪੂਰਨ ਵਾਕ-ਸੁਰ (4) | (iii) | ਹੈਰਾਨੀ ਤੇ ਖ਼ੁਸ਼ੀ ਲਈ |
| (d) | ਅਪੂਰਨ ਵਾਕ-ਸੁਰ (5) | (iv) | ਹਾਂ ਜਾਂ ਨਾਂਹ ਸੂਚਕਾਂ ਲਈ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | **(a)** | **(b)** | **(c)** | **(d)** |
|---|---|---|---|---|
| (1) | (ii) | (iv) | (iii) | (i) |
| (2) | (iv) | (iii) | (ii) | (i) |
| (3) | (i) | (iii) | (iv) | (ii) |
| (4) | (ii) | (iii) | (iv) | (i) |

14. ਸਾਹਤਿਕ ਪਾਠ ਦੀ ਸੁਤੰਤਰਤਾ ਅਤੇ ਅਜਨਬੀਕਰਨ ਦਾ ਸੰਬੰਧ ਕਿਸ ਅਧਿਐਨ ਪ੍ਰਣਾਲੀ ਨਾਲ ਹੈ?

(1) ਨਵ-ਅਮਰੀਕੀ ਆਲੋਚਨਾ
(2) ਰੂਸੀ ਰੂਪਵਾਦ
(3) ਮਾਰਕਸਵਾਦ
(4) ਮਨੋਸ਼ਿਲੇਸ਼ਣੀ ਅਧਿਐਨ ਵਿਧੀ

15. **(A) ਕਥਨ :** ਉੱਤਰ ਬਸਤੀਵਾਦੀ ਦ੍ਰਿਸ਼ਟੀ ਅਨੁਸਾਰ ਪੱਛਮੀ ਪ੍ਰਤਿਮਾਨ, ਵਿਚਾਰ-ਪਰੰਪਰਾਵਾਂ ਅਤੇ ਸਾਹਿਤ, ਬਸਤੀਵਾਸੀਆਂ ਲਈ ਬਹੁ-ਪਾਸਾਰੀ ਦਮਨ ਸਿਰਜਣ ਦਾ ਕਾਰਜ ਕਰਦੇ ਹਨ।

**(R) ਕਾਰਨ :** ਬਸਤੀਵਾਦੀ ਸਿਧਾਂਤ ਉਨ੍ਹਾਂ ਸਿਧਾਂਤਕਾਰਾਂ ਦੀ ਸਿਰਜਣਾ ਹਨ ਜਿਨ੍ਹਾਂ ਦਾ ਬਸਤੀ-ਮੁੱਖਤਾ ਨਾਲ ਕੋਈ ਸਰੋਕਾਰ ਨਹੀਂ ਸੀ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ
(2) **(A)** ਸਹੀ ਹੈ **(R)** ਗ਼ਲਤ ਹੈ
(3) **(A)** ਤੇ **(R)** ਦੋਵੇਂ ਸਹੀ ਹਨ
(4) **(A)** ਤੇ **(R)** ਦੋਵੇਂ ਗ਼ਲਤ ਹਨ

16.

| | **ਸੂਚੀ–I** | | **ਸੂਚੀ–II** |
|---|---|---|---|
| (a) | ਜੀਵਨੀ | (i) | ਕਥਾ-ਮੂਲਕ |
| (b) | ਜਨਮ ਸਾਖੀ | (ii) | ਸੰਵਾਦ ਮੂਲਕ |
| (c) | ਨਾਟਕ | (iii) | ਰੂਪਕੀ |
| (d) | ਨਾਵਲ | (iv) | ਮੈਟਾਨਮਿਕ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | **(a)** | **(b)** | **(c)** | **(d)** |
|---|---|---|---|---|
| (1) | (ii) | (iv) | (iii) | (i) |
| (2) | (iv) | (iii) | (ii) | (i) |
| (3) | (i) | (iii) | (iv) | (ii) |
| (4) | (ii) | (iii) | (iv) | (i) |

17. **ਸੂਚੀ-I** | **ਸੂਚੀ-II**

| | | | |
|---|---|---|---|
| (a) | Terry Eagleton | (i) | Image, Music, Text |
| (b) | Homi Bhabha | (ii) | Literary Theory: An Introduction |
| (c) | Roland Barthes | (iii) | Desire in Language |
| (d) | Julia Kristeva | (iv) | The Location of Culture |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | **(a)** | **(b)** | **(c)** | **(d)** |
|---|---|---|---|---|
| (1) | (ii) | (iv) | (iii) | (i) |
| (2) | (ii) | (iv) | (i) | (iii) |
| (3) | (i) | (iii) | (iv) | (ii) |
| (4) | (ii) | (iii) | (iv) | (i) |

18. ਬਿਰਤਾਂਤ ਦਾ ਸਰੂਪ ਕਿਹੜੇ ਤੱਤਾਂ ਉੱਪਰ ਆਧਾਰਿਤ ਹੈ ?

(i) ਕਥਾ ਤੇ ਵਾਰਤਾ

(ii) ਅਰਥ ਤੇ ਪ੍ਰਗਟਾਉ

(iii) ਦ੍ਰਿਸ਼ ਤੇ ਵਰਣਨ

(iv) ਬਿਰਤਾਂਤ ਤੇ ਬਿਰਤਾਂਤਕਾਰੀ

**ਉਪਰੋਕਤ ਵਿਚੋਂ ਸਹੀ ਹੈ :**

(1) (i), (iii) ਤੇ (iv) (2) (i), (ii) ਤੇ (iv) (3) (ii), (iii) ਤੇ (iv) (4) (i), (ii) ਤੇ (iii)

19. ਗ਼ਜ਼ਲ ਦੇ ਰੂਪਾਕਾਰਕ ਲੱਛਣ ਹਨ :

(1) ਸ਼ਿਅਰ, ਮਕਤਾ, ਕਾਫੀਆ, ਮਾਤਰਾ (2) ਮਤਲਾ, ਸ਼ਿਅਰ, ਮਕਤਾ, ਰਦੀਫ਼

(3) ਮਤਲਾ, ਸ਼ਿਅਰ, ਗੁਰੂ-ਲਘੂ, ਬਹਿਰ (4) ਬਹਿਰ, ਕਾਫ਼ੀਆ, ਰਦੀਫ਼, ਛੰਦ

20. ਸਾਹਿਤ-ਰੂਪ ਡਾਇਰੀ ਦੀ ਬਣਤਰ ਅਤੇ ਬੁਣਤਰ ਵਿਚ ਹੋਰ ਕਿਹੜੇ ਕਿਹੜੇ ਵਾਰਤਕ ਰੂਪਾਂ ਦਾ ਮਿਸ਼ਰਣ ਹੁੰਦਾ ਹੈ ?

(1) ਜੀਵਨੀ, ਨਿਬੰਧ, ਰੇਖਾ-ਚਿੱਤਰ (2) ਸੰਸਮਰਣ, ਲੇਖ, ਰੇਖਾ-ਚਿੱਤਰ

(3) ਸਫ਼ਰਨਾਮਾ, ਜੀਵਨੀ, ਸੰਸਮਰਣ (4) ਕਵਿਤਾ, ਨਿਬੰਧ, ਸੰਸਮਰਣ

21. ਨਾਟਕ ਦੀ ਸੰਰਚਨਾ ਦੇ ਮੁੱਖ ਤੱਤ ਹਨ :

(1) ਪਲਾਟ, ਨਾਟਕੀ ਸੰਘਰਸ਼, ਅਦਾਕਾਰੀ (2) ਨਾਟਕੀ ਗੁੰਝਲ, ਪਲਾਟ, ਰੌਸਨੀ

(3) ਸੰਵਾਦ, ਨਾਟਕੀ ਸੰਘਰਸ਼, ਨਾਟਕੀ ਤਣਾਉ (4) ਵਾਰਤਾਲਾਪ, ਪਾਤਰ, ਵੇਸ ਭੂਸ਼ਾ

22. **(A) ਕਥਨ :** ਸਾਹਿਤ ਇਕ ਸੂਖਮ ਕਲਾ ਹੈ, ਜਿਸਦਾ ਮੁੱਖ ਉਦੇਸ਼ ਸੁਹਜ-ਸੁਆਦ ਉਪਜਾਣਾ ਤੇ ਇਸ ਰਾਹੀਂ ਚੰਗੇਰੇ ਜੀਵਨ ਲਈ ਪ੍ਰੇਰਤ ਕਰਨਾ ਹੈ।

**(R) ਕਾਰਨ :** ਕਿਉਂਕਿ ਚੰਗੇਰੀ ਜੀਵਨ-ਵਿਧੀ ਅਖਤਿਆਰ ਕਰਨ ਲਈ ਮਨੁੱਖੀ ਸੁਭਾ ਦਾ ਸੁਹਜਮਈ ਅਤੇ ਕਲਾਮਈ ਹੋਣਾ ਅਤਿ ਜ਼ਰੂਰੀ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਤੇ **(R)** ਦੋਵੇਂ ਸਹੀ ਹਨ (2) **(A)** ਆਂਸ਼ਿਕ ਸਹੀ ਹੈ **(R)** ਸਹੀ ਹੈ

(3) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ (4) **(A)** ਤੇ **(R)** ਦੋਵੇਂ ਗ਼ਲਤ ਹਨ

23. ਭਾਰਤੀ ਆਚਾਰੀਆਂ ਨੇ ਸ਼ਬਦ-ਸ਼ਕਤੀ ਅਨੁਸਾਰ ਕਿਹੜੇ ਅਰਥਾਂ ਨੂੰ ਨਿਰੂਪਿਤ ਕੀਤਾ ਹੈ ?

(1) ਪ੍ਰਯੋਜਨ, ਸੁਝਾਅ, ਰਮਜ਼

(2) ਵਾਚਿਆਰਥ, ਲਖਣਾਰਥ, ਵਿਅੰਗਾਰਥ

(3) ਸਾਰਥਕ ਸ਼ਬਦ, ਨਿਰਾਰਥਕ ਸ਼ਬਦ, ਬਹੁ-ਅਰਥਕ ਸ਼ਬਦ

(4) ਅਭਿਧਾ, ਲਕਸ਼ਣਾ, ਵਿਅੰਜਨਾ

24. ਭਾਰਤੀ ਕਾਵਿ-ਸ਼ਾਸਤਰ ਵਿਚ ਰਸਮਈ ਵਾਕ ਨਾਲੋਂ 'ਰਮਣੀਕ ਅਰਥ' ਦੇ ਸੰਕਲਪ ਦਾ ਸੰਚਾਲਕ ਵਿਦਵਾਨ ਸੀ:

(1) ਭਰਤਮੁਨੀ (2) ਵਿਸ਼ਵਾਨਾਥ (3) ਜਗਨਨਾਥ (4) ਰਾਮ ਚੰਦਰ ਸ਼ੁਕਲ

25. ਕਾਵਿ ਦੀ ਆਤਮਾ ਦੀ ਪਰਿਭਾਸ਼ਾ ਦਿੰਦੇ ਹੋਏ ਕਟਾਕਸ਼, ਤਨਜ਼ ਅਤੇ ਵਿਚਿੱਤਰਤਾ ਨੂੰ ਕਿਸ ਸੰਪ੍ਰਦਾਇ ਨੇ ਆਧਾਰ ਬਣਾਇਆ ?

(1) ਰੀਤੀ (2) ਵਕ੍ਰੋਕਤੀ (3) ਔਚਿੱਤਯ (4) ਅਲੰਕਾਰ

26.

| | **ਸੂਚੀ–I** | | **ਸੂਚੀ–II** |
|---|---|---|---|
| (a) | ਰਸ ਸੰਪ੍ਰਦਾਇ | (i) | ਵ੍ਰਤ, ਸੱਤਵ, ਪ੍ਰਤਿਭਾ |
| (b) | ਧੁਨੀ ਸੰਪ੍ਰਦਾਇ | (ii) | ਵਰਣ, ਪ੍ਰਕਰਣ, ਪ੍ਰਬੰਧ |
| (c) | ਵਕ੍ਰੋਕਤੀ ਸੰਪ੍ਰਦਾਇ | (iii) | ਵਿਭਾਵ, ਅਨੁਭਾਵ, ਵਿਭਚਾਰੀ ਭਾਵ |
| (d) | ਔਚਿਤਯ ਸੰਪ੍ਰਦਾਇ | (iv) | ਅਭਿਧਾ, ਲਕਸ਼ਣਾ, ਵਿਅੰਜਣਾ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | **(a)** | **(b)** | **(c)** | **(d)** |
|---|---|---|---|---|
| (1) | (iii) | (ii) | (i) | (iv) |
| (2) | (iii) | (iv) | (ii) | (i) |
| (3) | (iii) | (iv) | (i) | (ii) |
| (4) | (ii) | (iii) | (iv) | (i) |

27. **(A) ਕਥਨ :** ਪੱਛਮੀ ਆਲੋਚਨਾ ਪਰੰਪਰਾ ਤੇ ਸੰਸਕ੍ਰਿਤ ਕਾਵਿ-ਸ਼ਾਸਤਰ ਤੋਂ ਪ੍ਰਾਪਤ ਬੁਨਿਆਦੀ ਸੰਕੇਤਾਂ ਦੀ ਡਾਇਲੈਕਟਿਕਸ ਨੂੰ ਆਧਾਰ ਬਣਾ ਕੇ ਸਾਹਿਤਕ ਕਿਰਤ ਦੀ ਹੋਂਦ-ਵਿਧੀ ਦਾ ਮਾਰਕਸਵਾਦੀ ਸਿੱਧਾਂਤ ਬਣਾਇਆ ਜਾ ਸਕਦਾ ਹੈ।

**(R) ਕਾਰਨ :** ਇਹ ਕਾਰਜ ਸੰਸਕ੍ਰਿਤ ਕਾਵਿ-ਸ਼ਾਸਤਰ ਅਤੇ ਮਾਰਕਸਵਾਦੀ ਸਾਹਿਤ ਸਿਧਾਂਤ ਦਾ ਪੁਨਰ-ਨਿਰੀਖਣ ਤੇ ਪੁਨਰ-ਮੁੱਲਾਂਕਨ ਤੋਂ ਬਿਨਾ ਸੰਭਵ ਨਹੀਂ ਹੋਵੇਗਾ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਤੇ **(R)** ਦੋਵੇਂ ਸਹੀ ਹਨ

(2) **(A)** ਆਂਸ਼ਿਕ ਸਹੀ ਹੈ ਤੇ **(R)** ਸਹੀ ਹੈ

(3) **(A)** ਤੇ **(R)** ਦੋਵੇਂ ਗ਼ਲਤ ਹਨ

(4) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

28. ਚਿਹਨ-ਵਿਗਿਆਨ ਨਾਲ ਸੰਬੰਧਿਤ ਸੰਕਲਪਾਂ ਦਾ ਸਹੀ ਜੁੱਟ ਹੈ :

(1) ਚਿਹਨ, ਸੰਰਚਨਾ ਅਤੇ ਪ੍ਰਬੰਧ

(2) ਪਾਠ, ਚਿਹਨਕੀਕਰਨ ਅਤੇ ਪ੍ਰਵਚਨ

(3) ਚਿਹਨ, ਵਿਰੋਧਾਭਾਸ ਅਤੇ ਬੁਣਤਰ

(4) ਚਿਹਨ-ਪ੍ਰਬੰਧ, ਆਨੰਦੀ ਪਾਠ ਅਤੇ ਦਵੰਦਾਤਮਕਤਾ

29. ਮਨੋਵਿਸ਼ਲੇਸ਼ਣੀ ਸਾਹਿਤ-ਅਧਿਐਨ ਵਿਧੀ ਦੇ ਮੂਲ ਸੰਕਲਪ ਹਨ :

(1) ਵ੍ਰਿਤੀਆਂ, ਅਵਚੇਤਨ ਅਤੇ ਇਤਿਹਾਸਕ ਪ੍ਰਸੰਗ

(2) ਕਾਮਨਾਵਾਂ ਦਾ ਦਮਨ, ਸਾਹਿਤ-ਪਾਠ ਅਤੇ ਲੋਕ-ਮਾਨਸਿਕਤਾ

(3) ਅਵਚੇਤਨ, ਕਾਮਨਾਵਾਂ ਦਾ ਦਮਨ ਅਤੇ ਪ੍ਰਤੀਕ ਸਿਰਜਣਾ

(4) ਸਮੂਹਕ ਅਵਚੇਤਨ, ਇਤਿਹਾਸਕਤਾ ਅਤੇ ਸਾਹਿਤ-ਪਾਠ

30. ਸਾਹਿਤ ਦੀ ਇਤਿਹਾਸਕਾਰੀ ਦਾ ਮੁੱਖ ਮੰਤਵ ਹੈ :

(1) ਸਾਹਿਤਕ ਤੱਥਾਂ ਦੀ ਤਲਾਸ਼

(2) ਰਾਜਨੀਤਕ ਸਥਿਤੀਆਂ ਦਾ ਵਰਣਨ

(3) ਵਿਧਾਵਾਂ ਦੀ ਵਿਆਖਿਆ

(4) ਸਾਹਿਤ-ਸ਼ਾਸਤਰ ਦੀ ਉਸਾਰੀ

31. ਕਿਹੜਾ ਕਥਨ ਸਹੀ ਨਹੀਂ ਹੈ ?

(1) ਸਾਹਿਤ ਆਲੋਚਨਾ ਅਤੇ ਸਾਹਿਤ ਇਤਿਹਾਸ ਇਕ ਦੂਸਰੇ ਦੇ ਵਿਰੋਧੀ ਹਨ

(2) ਸਾਹਿਤ ਇਤਿਹਾਸ ਅਤੇ ਸਾਹਿਤ ਸਮੀਖਿਆ ਦੋ ਵੱਖਰੇ ਅਨੁਸ਼ਾਸਨ ਹਨ

(3) ਸਾਹਿਤ ਇਤਿਹਾਸ ਅਤੇ ਸਾਹਿਤ ਸਮੀਖਿਆ ਇਕ ਦੂਸਰੇ ਦੇ ਪੂਰਕ ਹਨ

(4) ਸਾਹਿਤ ਆਲੋਚਨਾ ਸਾਹਿਤ ਇਤਿਹਾਸ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ

32. ਸੂਚੀ–I ਸੂਚੀ–II

| | ਸੂਚੀ–I | | ਸੂਚੀ–II |
|---|---|---|---|
| (a) | ਮੌਲਾ ਬਖ਼ਸ਼ ਕੁਸ਼ਤਾ | (i) | ਪੰਜਾਬੀ ਸਾਹਿਤ ਦੇ ਉਸਰੱਈਏ |
| (b) | ਗੋਪਾਲ ਸਿੰਘ ਦਰਦੀ | (ii) | ਪੰਜਾਬੀ ਸ਼ਾਇਰਾਂ ਦਾ ਤਜ਼ਕਰਾ |
| (c) | ਬਾਵਾ ਬੁੱਧ ਸਿੰਘ | (iii) | ਪੰਜਾਬੀ ਸਾਹਿਤ ਦਾ ਇਤਿਹਾਸ |
| (d) | ਅਵਤਾਰ ਸਿੰਘ ਅਜ਼ਾਦ | (iv) | ਹੰਸ ਚੋਗ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (ii) | (iii) | (iv) | (i) |
| (3) | (iii) | (iv) | (i) | (ii) |
| (4) | (iii) | (ii) | (iv) | (i) |

33. ਯਥਾਰਥਵਾਦ ਦੇ ਪਰਿਭਾਸ਼ਿਕ ਗੁਣ-ਲੱਛਣ ਹਨ :

(1) ਬੌਧਿਕਤਾ, ਕਾਮੁਕਤਾ, ਰੁਮਾਂਸ
(2) ਉਪਯੋਗਿਕਤਾ, ਵਾਸਤਵਿਕਤਾ, ਪਾਰਗਾਮਤਾ
(3) ਵਾਸਤਵਿਕਤਾ, ਅੰਤਰਮੁੱਖਤਾ, ਪਰੰਪਰਾ
(4) ਭੌਤਿਕਤਾ, ਉਪਯੋਗਿਕਤਾ, ਬਾਹਰਮੁੱਖਤਾ

34. ਪੰਜਾਬੀ ਸਾਹਿਤ ਦੀ ਸਮੀਖਿਆਤਮਕ ਇਤਿਹਾਸਕਾਰੀ ਲਈ ਉਚਿਤ ਪ੍ਰਤਿਮਾਨ ਹਨ :

(1) ਤੱਥ ਵਿਆਖਿਆ, ਤੱਥ ਵਿਚਾਰ
(2) ਤੱਥ ਪਛਾਣ, ਤੱਥ ਵਿਆਖਿਆ
(3) ਤੱਥ ਮੁੱਲਾਂਕਨ, ਤੱਥ ਖੋਜ
(4) ਤੱਥ ਵਿਸ਼ਲੇਸ਼ਣ, ਤੱਥ ਨਿਰਧਾਰਣ

35. ਕਿਹੜਾ ਜੁੱਟ ਸਹੀ ਹੈ :

(1) ਕੇਸਰ ਸਿੰਘ ਕੇਸਰ: ਸਾਹਿਤ ਸੰਵੇਦਨਾ
(2) ਰਵਿੰਦਰ ਸਿੰਘ ਰਵੀ: ਵਿਰਸਾ ਤੇ ਵਰਤਮਾਨ
(3) ਅਤਰ ਸਿੰਘ: ਸਮੀਖਿਆ ਦ੍ਰਿਸ਼ਟੀਆਂ
(4) ਸੰਤ ਸਿੰਘ ਸੇਖੋਂ: ਸਮਦਰਸ਼ਨ

36. **(A) ਕਥਨ :** ਆਧੁਨਿਕ ਕਾਲ ਦਾ ਆਰੰਭ ਪ੍ਰਗਤੀਵਾਦੀ ਧਾਰਾ ਦੇ ਸਾਹਿਤ ਨਾਲ ਹੁੰਦਾ ਹੈ ਜਿਸ ਵਿਚ ਪੱਛਮ ਦੇ ਇਤਿਹਾਸ, ਜੀਵਨ ਤੇ ਸਭਿਆਚਾਰ ਵਲੋਂ ਵਰੋਸਾਈ ਇਤਿਹਾਸਮੁੱਖਤਾ ਨੂੰ ਜੀਵਨ ਬੋਧ ਵਜੋਂ ਲਿਆ ਗਿਆ ਹੈ।

**(R) ਕਾਰਨ :** ਇਸ ਅਨੁਸਾਰ ਸਾਹਿਤ ਦੀ ਪਰਖ-ਪੜਚੋਲ ਤੇ ਮਾਪਦੰਡ ਪੱਛਮੀ ਹਨ ਪਰ ਨਾਲ ਨਾਲ ਇਨ੍ਹਾਂ ਨੂੰ ਪਰੰਪਰਕ ਨੁਕਤਾ-ਨਿਗਾਹ ਤੋਂ ਵੀ ਵਾਚਿਆ ਜਾਂਦਾ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਤੇ **(R)** ਦੋਵੇਂ ਗ਼ਲਤ ਹਨ
(2) **(A)** ਤੇ **(R)** ਦੋਵੇਂ ਸਹੀ ਹਨ
(3) **(A)** ਗ਼ਲਤ ਹੈ **(R)** ਸਹੀ ਹੈ
(4) **(A)** ਪੂਰਨ ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

**37.** ਅਖਾਣ ਦੇ ਮੁੱਖ ਲੱਛਣ ਹਨ :

(1) ਸੰਜਮ ਤੇ ਲੈਅ ਭਰਪੂਰ ਵਾਕ, ਜੀਵਨ ਬਾਰੇ ਨਿਚੋੜ ਦਾ ਨਿਰਣਾ, ਲੋਕ ਅਨੁਭਵ ਵਿਚੋਂ ਕਸ਼ੀਦਿਆ ਸੱਚ

(2) ਸਮਾਨੰਤਰ ਸਥਿਤੀਆਂ ਦਾ ਪ੍ਰਗਟਾਵਾ, ਲੋਕ-ਅਨੁਭਵ ਦੀ ਠੋਸ ਘਟਨਾ, ਨਿਰੰਤਰ ਸੰਚਾਰਿਤ ਘਟਨਾ

(3) ਸਿਆਣਪ ਦਾ ਨਿਚੋੜ, ਲੋਕਨੀਤੀ ਸ਼ਾਸਤਰ, ਨਿਰੰਤਰ ਸੰਚਾਰਿਤ ਘਟਨਾ

(4) ਸੱਚ ਦੀ ਗਵਾਹੀ, ਨਿਆਂ ਕਰਨ ਦੀ ਜੁਗਤੀ, ਹੋਰਨਾਂ ਦੀ ਯੋਗਤਾ ਦੀ ਪਰਖ

**38.** ਲੋਕ-ਚਿਕਿਤਸਾ ਦੀ ਕਿਹੜੀ ਵਿਧੀ ਠੀਕ ਨਹੀਂ ਹੈ :

(1) ਬਨਸਪਤੀ ਰਾਹੀਂ ਇਲਾਜ
(2) ਖਣਿਜ ਪਦਾਰਥਾਂ ਰਾਹੀਂ ਇਲਾਜ
(3) ਤਾਰਕਿਕ ਚਿਕਿਤਸਾ ਵਿਧੀ
(4) ਸ਼ਬਦ ਵਿਧੀ ਰਾਹੀਂ ਇਲਾਜ

**39.**

| | **ਸੂਚੀ-I** | | **ਸੂਚੀ-II** |
|---|---|---|---|
| (a) | Evolution of Culture | (i) | John Beatie |
| (b) | Other Cultures | (ii) | Levi-Strauss |
| (c) | Patterns of Culture | (iii) | Leslie A. White |
| (d) | Structural Anthropology | (iv) | Ruth Benedict |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (iii) | (i) | (iv) | (ii) |
| (3) | (iii) | (iv) | (i) | (ii) |
| (4) | (ii) | (iii) | (iv) | (i) |

**40.** **(A) ਕਥਨ :** ਸਮਾਜ ਦਾ ਬੋਧ ਵਿਕਾਸ ਸਭਿਆਚਾਰਕ ਖੜੋਤ ਵਿਚ ਪਰਿਵਰਤਨ ਦਾ ਕਾਰਣ ਬਣਦਾ ਹੈ ਅਤੇ ਇਸ ਖੜੋਤ ਦੇ ਟੁਟਣ ਨਾਲ ਸਭਿਆਚਾਰ ਵਿਚ ਹੋਰ ਵੀ ਬਹੁਤ ਸਾਰੇ ਪਰਿਵਰਤਨ ਆਉਂਦੇ ਹਨ।

**(R) ਕਾਰਨ :** ਸਭਿਆਚਾਰਕ ਤਬਦੀਲੀ ਦੀ ਪ੍ਰਕਿਰਿਆ ਬਰਾਬਰ ਚਲਦੀ ਰਹਿਣ ਕਾਰਣ ਸਭਿਆਚਾਰਕ ਬਣਤਰਾਂ ਕਦੇ ਵੀ ਸਥਿਰ ਨਹੀਂ ਰਹਿੰਦੀਆਂ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਤੇ **(R)** ਦੋਵੇਂ ਗ਼ਲਤ ਹਨ
(2) **(A)** ਤੇ **(R)** ਦੋਵੇਂ ਸਹੀ ਹਨ
(3) **(A)** ਗ਼ਲਤ ਹੈ **(R)** ਸਹੀ ਹੈ
(4) **(A)** ਪੂਰਨ ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

**41.** **(A) ਕਥਨ :** ਸਭਿਆਚਾਰ ਇਕ ਪ੍ਰਬੰਧ ਵਜੋਂ ਉਸਰਨ ਬਾਅਦ ਵਿਭਿੰਨ ਪੈਟਰਨਾਂ ਅਤੇ ਕੀਮਤਾਂ ਦੇ ਰੂਪ ਵਿਚ ਸਮਾਜਕ ਇਤਿਹਾਸਕ ਪਰਿਸਥਿਤੀਆਂ ਵਿਚ ਇਕ ਜੀਵਨ ਢੰਗ ਸਿਰਜਦਾ ਹੈ।

**(R) ਕਾਰਨ :** ਇਹ ਸ਼ਖ਼ਸੀਅਤ ਹੀ ਹੈ ਜਿਹੜੀ ਸਭਿਆਚਾਰਕ ਪੈਟਰਨ ਸਿਰਜਣ ਦੇ ਸਮਰੱਥ ਹੁੰਦੀ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਪੂਰਨ ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

(2) **(A)** ਤੇ **(R)** ਦੋਵੇਂ ਗ਼ਲਤ ਹਨ

(3) **(A)** ਤੇ **(R)** ਦੋਵੇਂ ਸਹੀ ਹਨ

(4) **(A)** ਗ਼ਲਤ ਹੈ **(R)** ਸਹੀ ਹੈ

42. ਸੂਚੀ-I ਸੂਚੀ-II

| | ਸੂਚੀ-I | | ਸੂਚੀ-II |
|---|---|---|---|
| (a) | ਵਣਜਾਰਾ ਬੇਦੀ | (i) | ਸਭਿਆਚਾਰ ਅਤੇ ਪੰਜਾਬੀ ਸਭਿਆਚਾਰ |
| (b) | ਕਰਨਜੀਤ ਸਿੰਘ | (ii) | ਪੰਜਾਬ ਦੇ ਲੋਕ-ਤਿਉਹਾਰ |
| (c) | ਗੁਰਬਖ਼ਸ਼ ਸਿੰਘ ਫ਼ਰੈਂਕ | (iii) | ਬਾਤਾਂ ਮੁੱਢ ਕਦੀਮ ਦੀਆਂ |
| (d) | ਨਵਰਤਨ ਕਪੂਰ | (iv) | ਲੋਕ-ਮਨ : ਚੇਤਨ ਅਵਚੇਤਨ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (iii) | (i) | (iv) | (ii) |
| (3) | (ii) | (iv) | (iii) | (i) |
| (4) | (iii) | (iv) | (i) | (ii) |

43. ਪੌਰਾਣਿਕ ਕਥਾ ਮੁਤਾਬਕ ਸੁਮੇਰ ਸੀ ?
(1) ਰਾਵਣ ਦਾ ਮਤਰੇਆ ਭਰਾ
(2) ਸੋਨੇ ਦਾ ਮਨੋਕਲਪਿਤ ਪਹਾੜ
(3) ਬ੍ਰਹਮਾ ਦੇ ਚਾਰ ਪੁੱਤਰਾਂ ਵਿਚੋਂ ਇਕ
(4) ਕ੍ਰਿਸ਼ਣ ਦਾ ਚਾਚਾ

44. Global Diasporas ਪੁਸਤਕ ਦਾ ਲੇਖਕ ਹੈ :
(1) Darshan Singh Tatla
(2) T. S. Kuhn
(3) Homi Bhabha
(4) Ejaz Ahmad

45. ਸਭਿਆਚਾਰਕ ਪ੍ਰਕਾਰ-ਰੂਪਾਂ ਦਾ ਸਹੀ ਜੁੱਟ ਹੈ :
(1) ਧਾਰਮਿਕ, ਸਮਾਜਕ, ਪ੍ਰਾਕਿਰਤਕ
(2) ਸੰਚਾਰਿਤ, ਭਾਵਾਤਮਕ, ਵਿਧੀਮੂਲਕ
(3) ਪਦਾਰਥਕ, ਧਾਰਮਿਕ, ਸੰਚਾਰਿਤ
(4) ਭਾਵਾਤਮਕ, ਭਾਸ਼ਿਕ, ਪ੍ਰਤੀਕਾਤਮਕ

46. ਖੋਜ ਕਾਰਜ ਦਾ ਸਹੀ ਕ੍ਰਮਿਕ ਵਿਕਾਸ ਹੈ :
(1) ਖੋਜਾਰਥੀ ਦੀ ਰੁਚੀ, ਖੋਜ ਵਿਸ਼ੇ ਦੀ ਚੋਣ, ਨਿਗਰਾਨ ਦੀ ਚੋਣ, ਖੋਜ-ਵਿਧੀ ਤੇ ਰੂਪਰੇਖਾ
(2) ਖੋਜ ਵਿਸ਼ੇ ਦੀ ਚੋਣ, ਖੋਜਾਰਥੀ ਦੀ ਰੁਚੀ, ਨਿਗਰਾਨ, ਖੋਜ-ਵਿਧੀ ਤੇ ਰੂਪਰੇਖਾ
(3) ਨਿਗਰਾਨ, ਖੋਜ ਵਿਸ਼ੇ ਦੀ ਚੋਣ, ਖੋਜਾਰਥੀ ਦੀ ਰੁਚੀ ਤੇ ਨਿਸ਼ਕਰਸ਼
(4) ਸੰਕੇਤਾਵਲੀ, ਖੋਜ ਵਿਸ਼ੇ ਦੀ ਚੋਣ, ਨਿਗਰਾਨ ਅਤੇ ਨਿਸ਼ਕਰਸ਼

47. ਪੰਜਾਬੀ ਖੋਜ ਸੰਬੰਧੀ ਵਿਸ਼ੇਸ਼ ਅੰਕਾਂ ਵਿਚ ਖੋਜ-ਪੱਤਿਕਾਵਾਂ ਦਾ ਸਹੀ ਜੁੱਟ ਹੈ :
(1) ਖੋਜ-ਪੱਤ੍ਰਿਕਾ ਅਤੇ ਆਲੋਚਨਾ
(2) ਪਰਖ ਅਤੇ ਪੰਜਾਬੀ ਦੁਨੀਆ
(3) ਖੋਜ ਦਰਪਣ ਅਤੇ ਪਰਖ
(4) ਸਮਦਰਸ਼ੀ ਅਤੇ ਖੋਜ ਦਰਪਨ

**ਹੇਠ ਲਿਖੇ ਪੈਰੇ ਦੇ ਆਧਾਰ ਤੇ 48, 49 ਅਤੇ 50 ਪ੍ਰਸ਼ਨਾਂ ਦੇ ਉੱਤਰ ਦਿਓ**

ਪੰਜਾਬੀ ਸਭਿਆਚਾਰ ਵਿਚਲੇ ਵੱਖ ਵੱਖ ਸੁਹਜ-ਪ੍ਰਗਟਾ-ਰੂਪਾਂ ਦੇ ਕੁਝ ਆਪਸੀ ਸੰਬੰਧ-ਵਿਰੋਧ ਕਈ ਕਿਸਮ ਦੇ ਰੋਚਕ ਸੰਕੇਤ ਉਜਾਗਰ ਕਰਦੇ ਹਨ। ਪੰਜਾਬ ਦੀਆਂ ਵਿਸ਼ੇਸ਼ ਇਤਿਹਾਸਕ ਪਰਿਸਥਿਤੀਆਂ ਨਾਲ ਇਨ੍ਹਾਂ ਦੇ ਡੂੰਘੇ ਸੰਬੰਧਾਂ ਤੋਂ ਛੁੱਟ, ਇਹ ਸੰਕੇਤ ਪੰਜਾਬੀ ਮਾਨਸਿਕਤਾ ਦੇ ਬੁਨਿਆਦੀ ਲੱਛਣਾਂ ਨੂੰ ਸਮਝਣ ਵਿਚ ਵੀ ਮਹੱਤਵਪੂਰਣ ਭੂਮਿਕਾ ਨਿਭਾ ਸਕਣ ਦੇ ਯੋਗ ਹਨ। ਮਿਸਾਲ ਵਜੋਂ, ਪੰਜਾਬ ਦੇ ਪਿੰਡਾਂ ਵਿਚ ਪ੍ਰਾਪਤ ਮਿੱਟੀ ਅਤੇ ਲੱਕੜ ਦੇ ਕੰਮ ਵਿਚ ਨੋਕੀਲੇ ਉਭਾਰ ਅਤੇ ਤਿੱਖੇ ਸਿਰਿਆਂ ਦੀ ਭਰਮਾਰ, ਜਿਥੇ ਇਕ ਪਾਸੇ ਆਪਣੇ ਆਪ ਵਿਚ ਪੰਜਾਬੀ ਮਾਨਸਿਕਤਾ ਵਿਚਲੇ ਤਿੱਖੇਪਣ ਅਤੇ ਆਕ੍ਰਮਣਕਾਰੀ ਸੁਭਾ ਨਾਲ ਡੂੰਘੀ ਤਰ੍ਹਾਂ ਮੇਲ ਖਾਂਦੇ ਹਨ, ਉਥੇ ਦੂਜੇ ਪਾਸੇ, ਇਹੋ ਨੋਕੀਲੇ ਉਭਾਰ ਅਤੇ ਸਿਰਿਆਂ ਦਾ ਤਿੱਖਾਪਣ ਪੰਜਾਬੀ ਲੋਕ-ਗੀਤਾਂ, ਲੋਕ-ਸੰਗੀਤ, ਲੋਕ-ਛੰਦਾਂ ਵਿਚਲੀਆਂ ਬੋਲੀਆਂ, ਹੇਕਾਂ ਅਤੇ ਉੱਚੀਆਂ ਸੁਰਾਂ ਦੇ ਰੂਪ ਵਿਚ ਪੰਜਾਬੀ ਸੁਭਾ ਦੇ ਉਪਰੋਕਤ ਪੱਖਾਂ ਦਾ ਹੀ ਸੰਗੀਤਮਈ ਪ੍ਰਗਟਾ ਕਰਦੇ ਹਨ।

**48.** ਪੰਜਾਬੀ ਸਭਿਆਚਾਰ ਦੇ ਪ੍ਰਗਟਾਅ ਰੂਪ ਸੰਕੇਤਕ ਰੂਪ ਵਿਚ ਉਜਾਗਰ ਕਰਦੇ ਹਨ :

(1) ਪੰਜਾਬ ਦਾ ਇਤਿਹਾਸ ਅਤੇ ਭੂਗੋਲਿਕ ਸਥਿਤੀਆਂ

(2) ਪੰਜਾਬੀ ਸਭਿਆਚਾਰ ਦੀਆਂ ਇਤਿਹਾਸਕ ਸਥਿਤੀਆਂ ਅਤੇ ਪੰਜਾਬੀ ਮਾਨਸਿਕਤਾ

(3) ਪੰਜਾਬੀ ਲੋਕ ਗੀਤਾਂ, ਲੋਕ ਸੰਗੀਤ ਅਤੇ ਲੋਕ ਛੰਦਾਂ ਦੀ ਰੂਪ-ਵਿਧੀ

(4) ਪੰਜਾਬੀ ਸਭਿਆਚਾਰ ਦੀਆਂ ਗੌਰਵਮਈ ਪਰੰਪਰਾਵਾਂ

**49.** ਪੰਜਾਬ ਵਿਚ ਹੋਣ ਵਾਲੇ ਮਿੱਟੀ ਅਤੇ ਲੱਕੜ ਦੇ ਕੰਮ ਦੇ ਨੋਕੀਲੇ ਉਭਾਰ ਅਤੇ ਤਿੱਖੇ ਸਿਰੇ ਕਿਸ ਮਨੋਬਿਰਤੀ ਦੀ ਪੇਸ਼ਕਾਰੀ ਕਰਦੇ ਹਨ ?

(1) ਪੰਜਾਬੀਆਂ ਦੀ ਬਹਾਦਰੀ ਦੀ ਰਵਾਇਤ ਦੀ

(2) ਪੰਜਾਬੀਆਂ ਦੀ ਸੁਹਜਮਈ ਪ੍ਰਵਿਰਤੀ ਦੀ

(3) ਪੰਜਾਬੀਆਂ ਦੇ ਤਿੱਖੇਪਨ ਅਤੇ ਆਕਰਮਣਕਾਰੀ ਸੁਭਾ ਦੀ

(4) ਪੰਜਾਬੀਆਂ ਦੇ ਸਭਿਆਚਾਰਕ ਇਤਿਹਾਸਕ ਦੁਖਾਂਤਾਂ ਦੀ

**50.** ਪੰਜਾਬੀ ਲੋਕ ਗੀਤਾਂ, ਲੋਕ ਸੰਗੀਤ, ਲੋਕ ਛੰਦ, ਹੇਕਾਂ ਅਤੇ ਉੱਚੀਆਂ ਸੁਰਾਂ ਕਿਸ ਦਾ ਪ੍ਰਤੀਕ ਹੈ ?

(1) ਪੰਜਾਬੀ ਲੋਕ ਵਿਵਹਾਰ ਦਾ

(2) ਪੰਜਾਬੀ ਸੁਹਜ ਸੰਵੇਦਨਾ ਦਾ

(3) ਪੰਜਾਬੀ ਮਾਨਸਿਕਤਾ ਦੇ ਮੂਲ ਭੂਤ ਤੱਤਾਂ ਦਾ

(4) ਪੰਜਾਬੀਆਂ ਦੇ ਖੁੱਲ੍ਹੇ ਡੁੱਲ੍ਹੇ ਸੁਭਾ ਅਤੇ ਵਿਸ਼ਾਲ ਹਿਰਦੇ ਦਾ

- o 0 o -

**Space For Rough Work**